# ਪੰਜਾਬ ਸਕੂਲ ਸਿੱਖਿਆ ਬੋਰਡ

## (ਓਪਨ ਸਕੂਲ ਦਾਖਲਾ)

**ਵਿਦਿਆਰਥੀਆਂ ਲਈ ਆਨਲਾਈਨ ਦਾਖਲਾ ਫ਼ਾਰਮ ਭਰਨ ਦੀ ਪੜਾਅਵਾਰ ਪ੍ਰਕਿਰਿਆ ਅਤੇ ਹਦਾਇਤਾਂ:**

ਨੋਟ: ਦਾਖਲਾ ਫ਼ਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਅਤੇ ਉਸ ਵਿੱਚ ਦਿੱਤੀਆਂ ਪੂਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ। (ਪ੍ਰਾਸਪੈਕਟ ਬੋਰਡ ਦੀ ਵੈੱਬਸਾਈਟ www.pseb.ac.in ਤੇ Open School admission Portal ਅਧੀਨ ਡਾਊਨਲੋਡ ਕੀਤਾ ਜਾ ਸਕਦਾ ਹੈ।)

1. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ www.pseb.ac.in ਤੇ ਜਾਓ।
2. Important Links ਅਧੀਨ Open School Link ਤੇ ਕਲਿੱਕ ਕਰਕੇ Open School Online Admission Form for session 2019-20 ਜਾਂ Home Page ਤੇ Open School Admission logo ਤੇ ਕਲਿੱਕ ਕਰੋ।
3. Important Links ਅਧੀਨ ਸਬੰਧਤ ਕਲਾਸ ਦੀ Open School Registration Link ਤੇ ਕਲਿੱਕ ਕਰਕੇ ਰਜਿਸਟਰ ਕਰੋ।
4. ਦਰਸਾਈਆਂ ਹਦਾਇਤਾਂ ਪੜ੍ਹ ਕੇ "I accept" ਤੇ ਕਲਿੱਕ ਕਰੋ।
5. ਇਸ ਉਪਰੰਤ ਦਾਖਲਾ ਫ਼ਾਰਮ ਵਿੱਚ ਰਜਿਸਟਰੇਸ਼ਨ ਫਾਰਮ ਤੇ ਦਿੱਤੇ ਸਾਰੇ ਵੇਰਵੇ ਭਰੋ। ਮੋਬਾਈਲ ਨੰਬਰ, ਈ-ਮੇਲ ਐਡਰੈਸ ਅਤੇ ਅਧਾਰ ਕਾਰਡ ਨੰ: ਭਰਨੇ ਅਤੀ ਜ਼ਰੂਰੀ ਹਨ।
6. ਦਾਖਲਾ ਲੈਣ ਵਾਲਾ ਵਿਦਿਆਰਥੀ ਆਪਣੀ ਕੈਟਾਗਰੀ ਅਤੇ ਵਿਸ਼ਿਆਂ ਦੀ ਚੋਣ ਬਹੁਤ ਧਿਆਨ ਨਾਲ ਭਰੇ ਕਿਉਂਕਿ ਇੱਕ ਵਾਰ ਫ਼ਾਰਮ ਭਰੇ ਜਾਣ ਤੋਂ ਬਾਅਦ ਤਬਦੀਲੀ ਕਰਨੀ ਸੰਭਵ ਨਹੀਂ ਹੋ ਸਕੇਗੀ। ਦਾਖਲਾ ਫਾਰਮ ਵਿੱਚ ਵਿਦਿਆਰਥੀ ਆਪਣਾ ਪੱਕਾ ਫੋਨ ਨੰਬਰ ਭਰੇ ਜਿਸ ਨੂੰ ਪ੍ਰੀਖਿਆ ਪਾਸ ਕਰ ਲੈਣ ਤੱਕ ਬਦਲਿਆ ਨਾ ਜਾਵੇ। ਫੋਨ ਨੰਬਰ ਬਦਲ ਜਾਣ ਦੀ ਸੂਰਤ ਵਿੱਚ ਸੂਚਨਾ ਤੁਰੰਤ ਅਧਿਐਨ ਕੇਂਦਰ ਨੂੰ ਦਿੱਤੀ ਜਾਵੇ।
7. ਸਾਰੇ ਵੇਰਵੇ ਭਰਨ ਉਪਰੰਤ ਵਿਦਿਆਰਥੀ Login ਕਰ ਸਕੇਗਾ। Login Details ਉਸ ਦੇ ਈ-ਮੇਲ ਐਡਰੈਸ ਅਤੇ ਫ਼ਾਰਮ ਵਿੱਚ ਭਰੇ ਮੋਬਾਈਲ ਨੰਬਰ ਤੇ ਮੈਸੇਜ ਦੁਆਰਾ ਪ੍ਰਾਪਤ ਹੋਵੇਗੀ।
8. Login ਕਰਨ ਉਪਰੰਤ ਫ਼ਾਰਮ 4 Steps ਵਿੱਚ ਭਰਿਆ ਜਾ ਸਕੇਗਾ।

**Step-i (fill up the following details)**

- Registration ਦੌਰਾਨ ਭਰੇ ਗਏ ਵੇਰਵਿਆਂ ਦੀ ਸੋਧ ਕਰਨ ਲਈ modify login information link ਤੇ ਕਲਿੱਕ ਕੀਤਾ ਜਾਵੇ। ਜੇਕਰ ਵਿਸ਼ੇ ਭਰੇ ਜਾ ਚੁੱਕੇ ਹਨ ਤਾਂ remove subject ਤੇ ਕਲਿੱਕ ਕਰਕੇ ਵਿਸ਼ੇ remove ਕਰਨ ਉਪਰੰਤ ਹੀ ਰਜਿਸਟ੍ਰੇਸ਼ਨ ਡਿਟੇਲ ਅੱਪਡੇਟ ਕੀਤੀ ਜਾ ਸਕਦੀ ਹੈ।
- ਇਸ ਵਿੱਚ ਵਿਦਿਆਰਥੀ **Click here to fill Application form** ਤੇ ਕਲਿੱਕ ਕਰਕੇ ਵਿਦਿਆਰਥੀ ਆਪਣੀ ਕੈਟਾਗਰੀ, ਬੋਰਡ, ਰੋਲ ਨੰਬਰ, ਸੈਸ਼ਨ, ਪਹਿਲੇ ਸਕੂਲ ਦਾ ਨਾਂ ਆਦਿ ਵੇਰਵੇ ਭਰੇਗਾ।
- ਪਾਸਵਰਡ ਬਦਲਣ ਲਈ ਵਿਦਿਆਰਥੀ **(Click here to Change Password)** ਤੇ ਕਲਿੱਕ ਕਰਕੇ ਪਾਸਵਰਡ ਬਦਲ ਸਕਦਾ ਹੈ।
- Previous Information ਕਾਲਮ ਵਿੱਚ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਾਤ, ਵਿਲੱਖਣ ਸਮਰੱਥਾ, ਧਰਮ, ਜਨਮ ਮਿਤੀ ਆਦਿ ਵੇਰਵੇ ਭਰ ਕੇ Save Details ਤੇ ਕਲਿੱਕ ਕਰਕੇ ਵੇਰਵੇ Save ਕਰੇਗਾ। ਇਸ ਤੋਂ ਬਾਅਦ ਵਿਦਿਆਰਥੀ **Click here to upload/change Photograph, Signature)** ਤੇ ਕਲਿੱਕ ਕਰਕੇ ਆਪਣੀ ਫੋਟੋ ਅਤੇ ਹਸਤਾਖਰ (ਦਰਸਾਏ ਗਏ ਅਕਾਰ ਅਨੁਸਾਰ) ਅਪਲੋਡ ਕਰੇਗਾ।

ClassResult.in

- ਸਾਰੇ ਵੇਰਵੇ ਸਹੀ ਤਰ੍ਹਾਂ ਭਰਨ ਤੋਂ ਬਾਅਦ Successfully Inserted ਦਾ ਮੈਸੇਜ ਆ ਜਾਵੇਗਾ, ਜਿਸ ਨੂੰ OK ਕਰਨ ਤੋਂ ਬਾਅਦ ਹੀ ਵਿਸ਼ਿਆਂ ਦੀ ਚੋਣ ਦਾ ਕਾਲਮ ਦਿਖ ਸਕੇਗਾ।
- ਇਸ ਤੋਂ ਬਾਅਦ **(Click here to fill Subject Details)** ਤੇ ਕਲਿੱਕ ਕਰਕੇ ਵਿਦਿਆਰਥੀ ਵਿਸ਼ੇ ਭਰੇਗਾ।

**Step-II (Payment Options)**

ਇਸ ਵਿੱਚ ਵਿਦਿਆਰਥੀ **(Click here to View Payment & Generate Challan)** ਤੇ ਕਲਿੱਕ ਕਰਕੇ ਦਿੱਤੇ ਗਏ ਦੋ ਬੈਂਕਾਂ ਵਿੱਚੋਂ ਸੁਵਿਧਾ ਅਨੁਸਾਰ ਕੋਈ ਵੀ ਇੱਕ ਬੈਂਕ ਚੁਣ ਕੇ ਬਣਦੀ ਫ਼ੀਸ ਦਾ ਚਲਾਨ Generate ਕਰ ਸਕੇਗਾ। ਫ਼ੀਸਾਂ ਦਾ ਵੇਰਵਾ **Check Fee details** ਤੇ ਕਲਿੱਕ ਕਰਕੇ ਦੇਖਿਆ ਜਾ ਸਕਦਾ ਹੈ। ਇੱਕ ਵਾਰ ਚਲਾਨ Generate ਹੋਣ ਤੋਂ ਬਾਅਦ Application Form Lock ਹੋ ਜਾਵੇਗਾ ਅਤੇ Edit ਨਹੀਂ ਕੀਤਾ ਜਾ ਸਕੇਗਾ।

- ਚਲਾਨ Generate ਹੋਣ ਤੋਂ ਬਾਅਦ Final Submission ਹੋ ਜਾਵੇਗੀ।
- ਆਨਲਾਈਨ ਜਨਰੇਟ ਕੀਤੇ ਫੀਸ ਚਲਾਨ ਉੱਪਰ ਦਰਸਾਈ ਅੰਤਿਮ ਮਿਤੀ (Challan Valid Date) ਤੱਕ ਹੀ ਪੰਜਾਬ ਨੈਸ਼ਨਲ ਬੈਂਕ ਜਾਂ ਸਟੇਟ ਬੈਂਕ ਆਫ ਇੰਡੀਆ (ਜਿਸ ਬੈਂਕ ਦਾ ਚਲਾਨ ਜਨਰੇਟ ਕੀਤਾ ਗਿਆ ਹੈ) ਵਿਖੇ ਜਮ੍ਹਾਂ ਹੋਵੇਗੀ। ਚਲਾਨ ਜਨਰੇਟ ਕਰਨ ਤੋਂ 24 ਘੰਟੇ ਬਾਅਦ ਹੀ ਫੀਸ ਬੈਂਕ ਵਿੱਚ ਜਮ੍ਹਾਂ ਕਰਵਾਈ ਜਾ ਸਕੇਗੀ।
- ਚਲਾਨ ਉੱਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ, ਇਸ ਉਪਰੰਤ ਨਵਾਂ ਚਲਾਨ ਜੁਰਮਾਨੇ ਸਮੇਤ (ਜੇਕਰ ਹੋਵੇ) ਰੀ-ਜਨਰੇਟ ਕਰਕੇ ਹੀ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇੱਥੇ ਦੱਸਣਯੋਗ ਹੈ ਕਿ ਜੇਕਰ ਫੀਸ ਜਮ੍ਹਾਂ ਕਰਵਾਉਣ ਦੀਆਂ ਆਖਰੀ ਮਿਤੀਆਂ ਵਿੱਚ ਵਾਧਾ ਹੋ ਜਾਂਦਾ ਹੈ ਤਾਂ ਵੀ ਜਨਰੇਟ ਕੀਤੇ ਜਾ ਚੁੱਕੇ ਚਲਾਨਾਂ ਦੀ ਆਖਰੀ ਮਿਤੀ ਚਲਾਨ ਉੱਪਰ ਦਰਜ Challan Valid Date ਤੱਕ ਹੀ ਰਹੇਗੀ।

**Step-III (Study Centre & Print Acknowledgement/Registration Slip)**

- ਫ਼ੀਸ ਜਮ੍ਹਾਂ ਹੋਣ ਤੋਂ ਬਾਅਦ ਬੈਂਕ ਦੁਆਰਾ ਵੈਰੀਫਾਈ ਕਰਨ ਉਪਰੰਤ ਹੀ ਸਟਡੀ ਸੈਂਟਰ (ਅਧਿਐਨ ਕੇਂਦਰ) ਚੁਣਨ ਲਈ **(Click here to choose Study Centre)** ਦੀ Option ਖੁੱਲ੍ਹੇਗੀ। ਜੇਕਰ ਫੀਸ ਜਮ੍ਹਾਂ ਹੋਣ ਤੋਂ ਕੰਮ ਵਾਲੇ 2-3 ਦਿਨ੍ਹਾਂ ਤੱਕ ਫੀਸ ਵੈਰੀਫਾਈ ਨਹੀਂ ਹੁੰਦੀ ਤਾਂ ਸਬੰਧਤ ਬੈਂਕ ਨਾਲ ਫੀਸ ਚਲਾਨ ਦੀ ਕਾਪੀ ਲੈ ਕੇ ਸੰਪਰਕ ਕੀਤਾ ਜਾਵੇ।
- ਫ਼ੀਸ ਵੈਰੀਫਾਈ ਹੋਣ ਤੋਂ ਬਾਅਦ **(Click here to choose Study Centre)** ਤੇ ਕਲਿੱਕ ਕਰਕੇ ਵਿਦਿਆਰਥੀ ਵੱਲੋਂ ਭਰੇ ਗਏ ਪਤੇ ਅਨੁਸਾਰ ਜਿਲ੍ਹਾ/ਤਹਿਸੀਲ ਪੱਧਰ ਤੇ ਅਧਿਐਨ ਕੇਂਦਰਾਂ ਦੀ ਸੂਚੀ ਵਿੱਚੋਂ ਉਪਲੱਬਧਤਾ ਅਨੁਸਾਰ ਅਧਿਐਨ ਕੇਂਦਰ ਦੀ ਚੋਣ ਕੀਤੀ ਜਾਵੇ ।
- ਸੈਂਟਰ ਅਲਾਟ ਹੋਣ ਪਿੱਛੋਂ ਦਾਖਲਾ ਫ਼ਾਰਮ ਅਲਾਟ ਕੀਤੇ ਅਧਿਐਨ ਕੇਂਦਰ ਵਿੱਚ ਹੀ ਉਪਲੱਬਧ ਹੋ ਜਾਵੇਗਾ ਜੋ ਅਧਿਐਨ ਕੇਂਦਰ ਵੱਲੋਂ ਹੀ ਡਾਉਨਲੋਡ ਕੀਤਾ ਜਾ ਸਕੇਗਾ। **(Click here to download Acknowledgement slip of admission form)** ਤੇ ਕਲਿੱਕ ਕਰਕੇ **Acknowledgement slip** ਡਾਉਨਲੋਡ ਕਰ ਲਈ ਜਾਵੇ।
- ਅਧਿਐਨ ਕੇਂਦਰ ਅਲਾਟ ਹੋਣ ਉਪਰੰਤ 7 ਦਿਨਾਂ ਅੰਦਰ acknowledgement slip, ਲੋੜੀਂਦੇ ਦਸਤਾਵੇਜ਼ਾਂ ਅਤੇ ਫੀਸ ਚਲਾਨ ਦੀਆਂ ਕਾਪੀਆਂ, ਯੋਗਤਾਵਾਂ ਸਰਟੀਫਿਕੇਟ ਅਤੇ ਰਿਹਾਇਸ਼ੀ ਪਰੂਫ (ਪ੍ਰਾਸਪੈਕਟਸ ਅਨੁਸਾਰ), ਅਲਾਟ ਹੋਏ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਈਆਂ ਜਾਣ।
- ਸ਼ਨਾਖਤੀ ਕਾਰਡ ਹਦਾਇਤਾਂ ਅਨੁਸਾਰ ਸੈਂਟਰ ਤੋਂ ਤਸਦੀਕ ਕਰਵਾ ਲਿਆ ਜਾਵੇ।
- ਵਿਦਿਆਰਥੀਆਂ ਵੱਲੋਂ ਬੈਂਕ ਚਲਾਨ ਰਾਹੀਂ ਜਮ੍ਹਾ ਕਰਵਾਈ ਗਈ ਫੀਸ ਹੀ ਦਾਖਲਾ ਅਤੇ ਪ੍ਰੀਖਿਆਂ ਫੀਸ ਹੈ। ਇਸ ਤੋਂ ਇਲਾਵਾ ਅਧਿਐਨ ਕੇਂਦਰ ਨੂੰ ਵਿਦਿਆਰਥੀਆਂ ਵੱਲੋਂ ਕੋਈ ਵੱਖਰੀ ਫੀਸ ਨਹੀ ਦਿੱਤੀ ਜਾਣੀ।
- ਵਿਦਿਆਰਥੀ ਸਮੇਂ-ਸਮੇਂ ਤੇ ਆਪਣੀ ਰਜਿਸਟ੍ਰੇਸ਼ਨ ਦੌਰਾਨ ਭਰੀ ਈ-ਮੇਲ ਆਈਡੀ ਅਤੇ ਫੋਨ ਟੈਕਸਟ ਮੈਸਜ ਵੀ ਜ਼ਰੂਰ ਚੈੱਕ ਕਰਦੇ ਰਹਿਣ।
- ਮੁਫਤ ਪਾਠ-ਪੁਸਤਕਾਂ/ਸਮੱਗਰੀ ਪ੍ਰਾਪਤ ਕਰਨ ਲਈ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।

ClassResult.in

- ਪ੍ਰਾਸਪੈਕਟਸ ਵਿੱਚ ਦਰਜ ਨਿਰਧਾਰਤ ਮਿਤੀਆਂ ਅਨੁਸਾਰ ਵਿਅਕਤਗਤ ਸੰਪਰਕ ਪ੍ਰੋਗਰਾਮ (P.C.P) ਲਗਵਾਉਣ ਲਈ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।
- ਦਾਖਲਾ ਫਾਰਮ ਭਰਨ ਸਮੇ ਜੇਕਰ ਵੇਰਵਿਆਂ ਵਿੱਚ ਕੋਈ ਤਰੁੱਟੀ ਆਦਿ ਰਹਿ ਜਾਦੀ ਹੈ ਤਾਂ ਉਸ ਦੀ ਸੋਧ ਕਰਵਾਉਣ ਲਈ ਅਧਿਐਨ ਕੇਦਰ ਰਾਹੀ ਬੋਰਡ ਵੱਲੋਂ ਨਿਰਧਾਰਿਤ ਤਰੁੱਟੀ ਫੀਸ ਸਮੇਤ ਆਨਲਾਈਨ ਤਰੁੱਟੀ ਫਾਰਮ ਭਰ ਕੇ ਉਸ ਦੀ ਹਾਰਡਕਾਪੀ ਬੋਰਡ ਨੂੰ ਭੇਜਣ ਲਈ ਸੰਪਰਕ ਕੀਤਾ ਜਾਵੇ।
- ਪ੍ਰੀਖਿਆ ਫਾਰਮ ਭਰਨ ਲਈ ਪੀ.ਸੀ.ਪੀ (P.C.P) ਦੌਰਾਨ ਅਧਿਐਨ ਕੇਂਦਰ ਤੋਂ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ।
- ਰੋਲ ਨੰਬਰ ਸਲਿਪ ਪ੍ਰਾਪਤ ਕਰਨ ਲਈ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਫਰਵਰੀ ਮਹੀਨੇ ਦੇ ਪਹਿਲੇ ਹਫ਼ਤੇ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।
- ਨਤੀਜਾ ਘੋਸ਼ਿਤ ਹੋਣ ਉਪਰੰਤ ਨਤੀਜਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਓਪਨ ਸਕੂਲ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਵੈੱਬਸਾਈਟ www.pseb.ac.in ਤੇ Important Links ਅਧੀਨ Open School Links/Section ਤੇ ਕਲਿੱਕ ਕੀਤਾ ਜਾ ਸਕੇ।

ਡਿਪਟੀ ਡਾਇਰੈਕਟਰ (ਓਪਨ ਸਕੂਲ)

ClassResult.in